# ਮਾਇਕ ਸ਼ੋਸ਼ਣ

## ਬ੍ਰਿਟਿਸ਼ ਕੋਲੰਬੀਆ ਦੇ ਬਜ਼ੁਰਗਾਂ ਨੂੰ ਬਚਾਉਣਾ

### ਕੀ ਤੁਹਾਨੂੰ ਪਤਾ ਹੈ ਕਿ ਮਾਇਕ ਬੁਰਾ ਵਰਤਾਉ, ਬਜ਼ੁਰਗਾਂ ਨਾਲ ਸਭ ਤੋਂ ਜ਼ਿਆਦਾ ਹੋਣ ਵਾਲਾ ਆਮ ਰਿਪੋਰਟ ਕੀਤਾ ਜਾਂਦਾ ਬੁਰਾ ਵਰਤਾਉ ਹੈ?

ਮਾਇਕ ਸ਼ੋਸ਼ਣ ਦੇ ਦੋ ਮੁਖ ਰੂਪ ਹਨ – ਮਾਇਕ ਬੁਰਾ ਵਰਤਾਉ ਅਤੇ ਆਰਥਿਕ ਜੁਰਮ (ਇਕਨੌਮਿਕ ਕਰਾਇਮ)।

ਮਾਇਕ ਸ਼ੋਸ਼ਣ ਬਜ਼ੁਰਗਾਂ ਨਾਲ ਬੁਰੇ ਵਰਤਾਉ ਦਾ ਇਕ ਰੂਪ ਹੈ। ਹੋਰ ਰੂਪਾਂ ਵਿਚ ਅਣਗਹਿਲੀ, ਸਰੀਰਕ, ਜਜ਼ਬਾਤੀ ਜਾਂ ਕਾਮੁਕ ਬੁਰਾ ਵਰਤਾਉ ਸ਼ਾਮਲ ਹਨ।

ਮਾਇਕ ਸ਼ੋਸ਼ਣ ਕਿਸੇ ਦਾ ਵੀ ਹੋ ਸਕਦਾ ਹੈ। ਜੇ ਇਹ ਤੁਹਾਡੇ ਨਾਲ ਵਾਪਰਦਾ ਹੈ ਤਾਂ ਯਾਦ ਰੱਖੋ – ਤੁਸੀਂ ਇਕੱਲੇ ਨਹੀਂ ਹੋ, ਅਤੇ ਇਹ ਤੁਹਾਡਾ ਕਸੂਰ ਨਹੀਂ ਹੈ।

ਆਰਥਿਕ ਜੁਰਮ ਵਿਚ ਖਪਤਕਾਰ ਨਾਲ ਫਰਾਡ, ਇਨਵੈਸਟਮੈਂਟ ਫਰਾਡ, ਠੱਗੀਆਂ ਅਤੇ ਪਛਾਣ ਦੀ ਚੋਰੀ ਸ਼ਾਮਲ ਹਨ। ਇਹ ਜੁਰਮ ਈਮੇਲ ਜਾਂ ਇੰਟਰਨੈੱਟ ਰਾਹੀਂ ਕੀਤੇ ਜਾ ਸਕਦੇ ਹਨ, ਦਰ ਦਰ ਜਾ ਕੇ ਚੀਜ਼ਾਂ ਵੇਚਣ ਵਾਲਿਆਂ ਜਾਂ ਫੋਨ 'ਤੇ ਚੀਜ਼ਾਂ ਵੇਚਣ ਵਾਲਿਆਂ ਵਲੋਂ ਕੀਤੇ ਜਾ ਸਕਦੇ ਹਨ। ਜੇ ਤੁਹਾਨੂੰ ਇਹ ਸ਼ੱਕ ਪਵੇ ਕਿ ਤੁਹਾਨੂੰ ਨਿਸ਼ਾਨਾ ਬਣਾਇਆ ਗਿਆ ਹੈ ਤਾਂ ਕੰਜ਼ਿਊਮਰ ਪ੍ਰੋਟੈਕਸ਼ਨ ਬੀ ਸੀ, ਬੀ ਸੀ ਸਕਿਉਰਟੀਜ਼ ਕਮਿਸ਼ਨ ਜਾਂ ਆਪਣੀ ਲੋਕਲ ਪੁਲੀਸ ਨੂੰ ਫੋਨ ਕਰੋ।

### ਮਾਇਕ ਬੁਰਾ ਵਰਤਾਉ ਭਰੋਸੇ ਦੀ ਉਲੰਘਣਾ ਹੈ।

ਇਸ ਦੀ ਇਕ ਉਦਾਹਰਣ ਇਹ ਹੈ ਕਿ ਜਦੋਂ ਤੁਹਾਨੂੰ ਕੋਈ ਜਾਣਦਾ ਅਤੇ ਤੁਹਾਡੇ ਭਰੋਸੇ ਵਾਲਾ – ਪਰਿਵਾਰ ਦਾ ਮੈਂਬਰ, ਦੋਸਤ, ਜਾਂ ਸੰਭਾਲ ਕਰਨ ਵਾਲਾ – ਤੁਹਾਡਾ ਮਾਲ ਹਥਿਆਉਣ ਦੀ ਕੋਸ਼ਿਸ਼ ਕਰਦਾ ਹੈ, ਜਿਵੇਂ ਕਿ ਤੁਹਾਡੇ ਪੈਸੇ, ਤੁਹਾਡੀ ਪ੍ਰਾਪਰਟੀ, ਜਾਂ ਹੋਰ ਚੀਜ਼ਾਂ। ਮਾਇਕ ਬੁਰਾ ਵਰਤਾਉ ਗਲਤ ਹੈ। ਕਦੇ ਕਦੇ ਇਹ ਗੈਰਕਾਨੂੰਨੀ ਵੀ ਹੁੰਦਾ ਹੈ।

ਮਾਇਕ ਬੁਰੇ ਵਰਤਾਉ ਦੀਆਂ ਉਦਾਹਰਣਾਂ:

- ਤੁਹਾਡੇ ਪੈਸੇ ਜਾਂ ਪ੍ਰਾਪਰਟੀ ਲੈਣ ਲਈ ਕੋਈ ਤੁਹਾਡੇ 'ਤੇ ਦਬਾਅ ਪਾਉਂਦਾ ਹੈ
- ਕੋਈ ਤੁਹਾਡੇ ਤੋਂ ਪੈਸੇ ਉਧਾਰ ਲੈਣ ਲਈ ਦਬਾਅ ਪਾਉਂਦਾ ਹੈ
- ਕੋਈ ਤੁਹਾਡੇ ਪੈਸੇ ਲੈਣ ਲਈ ਤੁਹਾਡੇ ਮੁਖਤਾਰਨਾਮੇ ਦੀ ਗਲਤ ਵਰਤੋਂ ਕਰਦਾ ਹੈ
- ਕੋਈ ਜਣਾ ਕਿਸੇ ਇਕਰਾਰਨਾਮੇ ਜਾਂ ਵਸੀਅਤ 'ਤੇ ਦਸਖਤ ਕਰਨ ਜਾਂ ਇਸ ਨੂੰ ਬਦਲਣ ਲਈ ਤੁਹਾਨੂੰ ਮਜ਼ਬੂਰ ਕਰਦਾ ਹੈ ਜਾਂ ਤੁਹਾਡੇ ਨਾਲ ਚਲਾਕੀ ਕਰਦਾ ਹੈ

ਮਾਇਕ ਬੁਰਾ ਵਰਤਾਉ ਅਕਸਰ ਜਜ਼ਬਾਤੀ ਬੁਰੇ ਵਰਤਾਉ ਦੇ ਨਾਲ ਨਾਲ ਚੱਲਦਾ ਹੈ। ਤੁਹਾਡੇ ਪੈਸੇ ਜਾਂ ਹੋਰ ਕੀਮਤੀ ਚੀਜ਼ਾਂ ਹਥਿਆਉਣ ਲਈ ਕੋਈ ਵਿਅਕਤੀ ਤੁਹਾਡੇ ਨਾਲ ਛਲ ਖੇਡ ਸਕਦਾ ਹੈ, ਤੁਹਾਨੂੰ ਧੌਂਸ ਦੇ ਸਕਦਾ ਹੈ ਜਾਂ ਤੁਹਾਨੂੰ ਡਰਾ ਸਕਦਾ ਹੈ।

*ਯਾਦ ਰੱਖੋ..ਇਹ ਤੁਹਾਡੇ ਪੈਸੇ ਹਨ*

# ਤੁਹਾਨੂੰ ਕੀ ਕਰਨਾ ਚਾਹੀਦਾ ਹੈ?

## ਇਸ ਨੂੰ ਰੋਕੋ!

- ਜਿੰਨਾ ਵੀ ਸੰਭਵ ਹੋ ਸਕੇ ਆਪਣੇ ਪੈਸੇ ਧੇਲੇ ਦੇ ਕੰਮ ਆਪ ਕਰੋ।
- ਅਗਾਊਂ ਪਲੈਨ ਬਣਾਉ ਅਤੇ ਆਪਣੀਆਂ ਇੱਛਾਵਾਂ ਬਾਰੇ ਦੂਜਿਆਂ ਨੂੰ ਜਾਣੂ ਕਰਾਉ।
- ਜੇ ਕੋਈ ਤੁਹਾਡੇ ’ਤੇ ਪੈਸਿਆਂ ਲਈ ਦਬਾਅ ਪਾਉਂਦਾ ਹੈ ਤਾਂ “ਨਹੀਂ” ਕਹੋ – ਇੱਥੋਂ ਤੱਕ ਕਿ ਪਰਿਵਾਰ ਦੇ ਮੈਂਬਰਾਂ ਨੂੰ ਵੀ।
- ਇਹ ਪੱਕਾ ਕਰੋ ਕਿ ਤੁਸੀਂ ਜਿਸ ਵੀ ਪੇਪਰ ’ਤੇ ਦਸਖਤ ਕਰੋ ਤੁਸੀਂ ਉਸ ਨੂੰ ਸਮਝਦੇ ਹੋਵੋ।

## ਰਿਪੋਰਟ ਕਰੋ!

- ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨਾਲ ਗੱਲ ਕਰੋ।
- ਆਪਣੀ ਲੋਕਲ ਪੁਲੀਸ ਨੂੰ ਫੋਨ ਕਰੋ। ਉਹ ਇਹ ਪਤਾ ਲਾਉਣ ਲਈ ਪੜਤਾਲ ਕਰ ਸਕਦੇ ਹਨ ਕਿ ਕੀ ਬੁਰਾ ਵਰਤਾਉ ਜੁਰਮ ਹੈ ਅਤੇ ਇਹ ਸਲਾਹ ਦੇ ਸਕਦੇ ਹਨ ਕਿ ਅਗਾਂਹ ਕੀ ਕਰਨਾ ਹੈ।
- ਜੇ ਕੋਈ ਮੁਖਤਾਰਨਾਮੇ ਹੇਠ ਮਿਲੀਆਂ ਆਪਣੀਆਂ ਸ਼ਕਤੀਆਂ ਦੀ ਗਲਤ ਵਰਤੋਂ ਕਰ ਰਿਹਾ ਹੋਵੇ ਜੋ ਕਿ ਉਸ ਨੂੰ ਦਿੱਤੀਆਂ ਗਈਆਂ ਸਨ ਤਾਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਆਫ ਬ੍ਰਿਟਿਸ਼ ਕੋਲੰਬੀਆ ਨੂੰ ਫੋਨ ਕਰੋ।

## ਕਾਨੂੰਨੀ ਜਾਣਕਾਰੀ ਅਤੇ ਸਲਾਹ ਲਵੋ!

- ਕਿਸੇ ਵਕੀਲ ਨਾਲ ਗੱਲ ਕਰੋ ਅਤੇ ਪਲੈਨਾਂ ਬਣਾਉਣ ਵੇਲੇ ਅੱਗੇ ਦਿੱਤੇ ਵਸੀਲਿਆਂ ’ਤੇ ਵਿਚਾਰ ਕਰੋ ਜਿਵੇਂ ਕਿ ਮੁਖਤਾਰਨਾਮਾ ਬਣਾਉਣਾ।
- ਚੰਗੀ ਕਾਨੂੰਨੀ ਜਾਣਕਾਰੀ ਅਤੇ ਸਲਾਹ ਇਕ ਵਧੀਆ ਇਨਵੈਸਟਮੈਂਟ ਹੈ।

## ਵਸੀਲੇ

ਫਾਇਦੇਮੰਦ ਵਸੀਲਿਆਂ ਲਈ ਦੇਖੋ:

*ਇਟ’ਸ ਯੂਅਰ ਚੋਆਇਸ, ਪਰਸਨਲ ਪਲੈਨਿੰਗ ਟੂਲਜ਼*
**ਪਬਲਿਕ ਗਾਰਡੀਅਨ ਐਂਡ ਟਰੱਸਟੀ ਔਫ ਬੀ ਸੀ**
ਇਹ ਲਿਖਤ ਕਾਇਮ ਰਹਿਣ ਵਾਲੇ ਮੁਖਤਾਰਨਾਮੇ (ਇੰਡਿਊਰਿੰਗ ਪੌਵਰਜ਼ ਔਫ ਅਟਾਰਨੀ), ਨੁਮਾਇੰਦਗੀ ਦੇ ਇਕਰਾਰਨਾਮਿਆਂ (ਰੈਪਰੇਜ਼ਿਨਟੇਸ਼ਨ ਐਗਰੀਮੈਂਟਸ), ਅਗਾਂਊਂ ਨਿਰਦੇਸ਼ਾਂ (ਅਡਵਾਂਸ ਡਾਇਰੈਕਟਿਵਜ਼), ਕਮੇਟੀਆਂ ਅਤੇ ਹੋਰ ਨਿੱਜੀ ਪਲੈਨਾਂ ਬਾਰੇ ਜਾਣਕਾਰੀ ਦਿੰਦੀ ਹੈ।
www.trustee.bc.ca/pdfs/Adult%20Guardianship/It's_Your_Choice--Personal_Planning_Tools.pdf

*ਵਸੀਅਤ ਅਤੇ ਇਸਟੇਟ ਪਲੈਨਿੰਗ ਬਣਾਉਣਾ*
**ਕੈਨੇਡੀਅਨ ਬਾਰ ਐਸੋਸੀਏਸ਼ਨ, ਬੀ ਸੀ ਬਰਾਂਚ**
ਟੈਲੀਫੋਨ ’ਤੇ ਸੁਣੀ ਜਾਣ ਵਾਲੀ ਇਹ ਲਿਖਤ, ਵਸੀਅਤਾਂ ਅਤੇ ਇਸਟੇਟ ਪਲੈਨਿੰਗ ਦੇ ਹੋਰ ਪੱਖਾਂ ਬਾਰੇ ਦੱਸਦੀ ਹੈ, ਜਿਵੇਂ ਕਿ ਸਾਂਝੀ ਜਾਇਦਾਦ ਅਤੇ ਟਰੱਸਟਸ। ਲਿਖਤ 176 ਸੁਣਨ ਲਈ ਡਾਇਲ–ਏ–ਲਾਅ ਨੂੰ 1 800 565-5297 ’ਤੇ ਫੋਨ ਕਰੋ ਜਾਂ ਲਿਖਤ ਪੜ੍ਹਨ ਲਈ ਵੈੱਬਸਾਈਟ ’ਤੇ ਜਾਉ: www.cba.org/bc/public_media/wills/176.aspx

## ਮਦਦ ਲਈ ਤੁਹਾਨੂੰ ਕਿਸ ਨੂੰ ਫੋਨ ਕਰਨਾ ਚਾਹੀਦਾ ਹੈ?

**ਜੇ ਹਾਲਤ ਐਮਰਜੰਸੀ ਵਾਲੀ ਹੈ ਜਾਂ ਜੇ ਕਿਸੇ ਵਿਅਕਤੀ ਨੂੰ ਫੌਰੀ ਖਤਰਾ ਹੈ ਤਾਂ 9-1-1 ਨੂੰ ਫੋਨ ਕਰੋ।**

ਬੁਰਾ ਵਰਤਾਉ ਇਕ ਜੁਰਮ ਹੋ ਸਕਦਾ ਹੈ ਅਤੇ ਕ੍ਰਿਮੀਨਲ ਕੋਡ ਥੱਲੇ ਆ ਸਕਦਾ ਹੈ। ਜਾਣਕਾਰੀ ਲਈ ਜਾਂ ਬੁਰੇ ਵਰਤਾਉ ਦੀ ਰਿਪੋਰਟ ਕਰਨ ਲਈ ਆਪਣੇ ਲੋਕਲ ਪੁਲੀਸ ਸਟੇਸ਼ਨ ਨੂੰ ਫੋਨ ਕਰੋ।

**ਬੀ ਸੀ ਸੈਂਟਰ ਫਾਰ ਐਲਡਰ ਐਡਵੋਕੇਸੀ ਐਂਡ ਸੁਪੋਰਟ – ਸੀਨੀਅਰਜ਼ ਅਬਿਊਜ਼ ਐਂਡ ਇਨਫਰਮੇਸ਼ਨ ਲਾਈਨ (ਸੇਲ):**
**604 437-1940 | 1 866 437-1940 (ਮੁਫਤ)** ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 9 ਵਜੇ ਤੋਂ ਦੁਪਹਿਰ ਦੇ 1 ਵਜੇ ਤੱਕ ਮੌਜੂਦ ਹੈ। ਜੁਲਾਈ 2013 ਤੋਂ ਰੋਜ਼ਾਨਾ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਮੌਜੂਦ ਹੋਵੇਗੀ (ਛੁੱਟੀਆਂ ਵਾਲੇ ਦਿਨਾਂ ਤੋਂ ਬਗੈਰ)। ਸੇਲ ਬਜ਼ੁਰਗਾਂ ਅਤੇ ਉਨ੍ਹਾਂ ਦਾ ਖਿਆਲ ਰੱਖਣ ਵਾਲੇ ਲੋਕਾਂ ਲਈ ਉਨ੍ਹਾਂ ਹਾਲਤਾਂ ਬਾਰੇ ਗੱਲ ਕਰਨ ਲਈ ਇਕ ਸੁਰੱਖਿਅਤ ਥਾਂ ਹੈ ਜਿਨ੍ਹਾਂ ਹਾਲਤਾਂ ਵਿੱਚ ਉਹ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨਾਲ ਬੁਰਾ ਵਰਤਾਉ ਜਾਂ ਬਦਸਲੂਕੀ ਹੋ ਰਹੀ ਹੈ, ਜਾਂ ਬਜ਼ੁਰਗਾਂ ਨਾਲ ਬੁਰੇ ਵਰਤਾਉ ਤੋਂ ਰੋਕਥਾਮ ਬਾਰੇ ਜਾਣਕਾਰੀ ਲੈਣ ਲਈ: www.bcceas.ca

**ਵਿਕਟਿਮਲਿੰਕ ਬੀ ਸੀ** ਇਕ ਮੁਫਤ, ਗੁਪਤ ਅਤੇ ਬਹੁਭਾਸ਼ਾਈ ਟੈਲੀਫੋਨ ਸਰਵਿਸ ਹੈ ਜੋ ਕਿ ਬੀ ਸੀ ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਫੋਨ ਨੰਬਰ 1-800-563-0808 'ਤੇ ਉਪਲਬਧ ਹੈ। ਇਹ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ। ਵਿਕਟਿਮਲਿੰਕ ਬੀ ਸੀ ਟੀ ਟੀ ਵਾਈ 'ਤੇ ਵੀ ਮਿਲਦੀ ਹੈ। ਟੀ ਟੀ ਵਾਈ ਨੂੰ 604 875-0885 'ਤੇ ਫੋਨ ਕਰੋ।

**ਕੰਜ਼ਿਊਮਰ ਪ੍ਰੋਟੈਕਸ਼ਨ ਬੀ ਸੀ**
ਕੰਜ਼ਿਊਮਰ ਪ੍ਰੋਟੈਕਸ਼ਨ ਬੀ ਸੀ ਅਜਿਹੀ ਮੰਡੀ ਨੂੰ ਉਤਸ਼ਾਹ ਦਿੰਦਾ ਹੈ ਜਿਹੜੀ ਖਪਤਕਾਰਾਂ ਅਤੇ ਕਾਰੋਬਾਰਾਂ ਦੋਨਾਂ ਲਈ ਵਾਜਬ ਹੋਵੇ। ਜੇ ਤੁਹਾਡੇ ਮਨ ਵਿਚ ਇਕ ਖਪਤਕਾਰ ਵਜੋਂ ਆਪਣੇ ਹੱਕਾਂ ਬਾਰੇ ਕੋਈ ਸਵਾਲ ਹੋਵੇ ਤਾਂ 1 888 564-9963 'ਤੇ ਜਾਂ 604 320-1667 'ਤੇ ਫੋਨ ਕਰੋ।

**ਬੀ ਸੀ ਸਕਿਉਰਟੀਜ਼ ਕਮਿਸ਼ਨ**
**604 899-6854**
**1 800 373-6393 (ਕੈਨੇਡਾ ਭਰ ਵਿਚ ਮੁਫਤ)**
ਕਿਸੇ ਸ਼ੱਕੀ ਠੱਗੀ ਦੀ ਰਿਪੋਰਟ ਕਰਨ ਲਈ ਜਾਂ ਕਿਸੇ ਇਨਵੈਸਟਮੈਂਟ ਸਲਾਹਕਾਰ ਜਾਂ ਕੰਪਨੀ ਵਿਰੁੱਧ ਸ਼ਿਕਾਇਤ ਦਰਜ ਕਰਵਾਉਣ ਲਈ ਬੀ ਸੀ ਸਕਿਉਰਟੀਜ਼ ਕਮਿਸ਼ਨ ਨੂੰ ਫੋਨ ਕਰੋ।

**ਪਬਲਿਕ ਗਾਰਡੀਅਨ ਐਂਡ ਟਰੱਸਟੀ ਔਫ ਬ੍ਰਿਟਿਸ਼ ਕੋਲੰਬੀਆ:**
**604 660-4444**
ਪਬਲਿਕ ਗਾਰਡੀਅਨ ਐਂਡ ਟਰੱਸਟੀ ਔਫ ਬ੍ਰਿਟਿਸ਼ ਕੋਲੰਬੀਆ, ਉਨ੍ਹਾਂ ਬਾਲਗਾਂ ਦੀ ਮਦਦ ਕਰਨ ਲਈ ਸੂਬਾਈ ਕਾਨੂੰਨ ਅਧੀਨ ਕੰਮ ਕਰਦਾ ਹੈ ਜਿਨ੍ਹਾਂ ਨੂੰ ਮਾਇਕ ਅਤੇ ਨਿੱਜੀ ਫੈਸਲੇ ਕਰਨ ਵਿਚ ਮਦਦ ਦੀ ਲੋੜ ਹੁੰਦੀ ਹੈ ਅਤੇ ਇਹ ਉੱਥੇ ਮ੍ਰਿਤਕ ਵਿਅਕਤੀਆਂ ਦੀ ਇਸਟੇਟ ਦਾ ਪ੍ਰਬੰਧ ਕਰਨ ਲਈ ਵੀ ਕੰਮ ਕਰਦਾ ਹੈ ਜਿੱਥੇ ਅਜਿਹਾ ਕਰਨ ਲਈ ਹੋਰ ਕੋਈ ਨਹੀਂ ਹੁੰਦਾ।

### ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਆਮ ਜਾਣਕਾਰੀ ਲੈਣ ਲਈ ਸੰਪਰਕ ਕਰੋ:

**ਸੀਨੀਅਰਜ਼ ਡਾਇਰੈਕਟੋਰੇਟ**
**Seniors' Directorate**
Ministry of Health
P.O. Box 9825 Stn Prov Govt
Victoria, British Columbia V8W 9W4
ਵੈੱਬਸਾਈਟ: www.seniorsbc.ca

ਬ੍ਰਿਟਿਸ਼ ਕੋਲੰਬੀਆ ਸਰਕਾਰ, ਨੋਵਾ ਸਕੋਸ਼ੀਆ ਸਰਕਾਰ ਦੀ ਧੰਨਵਾਦੀ ਹੈ ਜਿਸ ਨੇ ਆਪਣੀ ਬਜ਼ੁਰਗਾਂ ਨਾਲ ਬੁਰਾ ਵਰਤਾਉ ਬਾਰੇ ਗਿਆਨ ਵਧਾਉਣ ਅਤੇ ਰੋਕਥਾਮ ਕਰਨ ਦੀ ਮੁਹਿੰਮ: *ਨੋਵਾ ਸਕੋਸ਼ੀਆ ਦੇ ਬਜ਼ੁਰਗਾਂ ਦਾ ਆਦਰ ਕਰੋ* ਤੋਂ ਸਾਮੱਗਰੀ ਵਰਤਣ ਦੀ ਆਗਿਆ ਦਿੱਤੀ।